ਦਫਤਰ ਸੀਨੀਅਰ ਕਪਤਾਨ ਪੁਲਿਸ ਫਿਰੋਜ਼ਪੁਰ

**ਪ੍ਰੈਸ ਨੋਟ**

## ਮਿਤੀ: 11 ਜਨਵਰੀ 2025

ਜਿਲ੍ਹਾ ਫਿਰੋਜਪੁਰ ਪੁਲਿਸ ਦੀ ਸੀ.ਆਈ.ਏ.ਸਟਾਫ ਦੀ ਟੀਮ ਵੱਲੋਂ ਮਿਤੀ 10-01-2025 ਨੂੰ **02 ਸਮੱਗਲਰਾ ਨੂੰ ਗ੍ਰਿਫਤਾਰ ਕਰਦੇ ਹੋਏ ਉਹਨਾ ਪਾਸੋ 23 ਕਿਲੋ 177 ਗ੍ਰਾਮ ਅਫੀਮ ਅਤੇ ਇੱਕ ਕਾਰ ਕਰੇਟਾ ਬ੍ਰਾਮਦ ਕੀਤੀ ਅਤੇ ਸਮੱਗਲਰਾ ਖਿਲਾਫ ਐਨ.ਡੀ.ਪੀ.ਐਸ ਐਕਟ ਦੀਆ ਧਾਰਾਵਾ ਹੇਠ ਮੁੱਕਦਮਾ ਦਰਜ ਰਜਿਸਟਰ ਕੀਤਾ ਗਏ ਹਨ।**

ਮੁਕੱਦਮਾ ਨੰਬਰ 02 ਮਿਤੀ 10-01-2025 ਅ/ਧ 18/61/85 NDPS Act ਥਾਣਾ ਤਲਵੰਡੀ ਭਾਈ ।

ਬ੍ਰਾਮਦਗੀ :- **23 ਕਿਲੋ 177 ਗ੍ਰਾਮ ਅਫੀਮ ਅਤੇ ਇੱਕ ਕਾਰ** ਹੁੰਡਿਆਈ **ਕਰੇਟਾ**

**ਦੋਸ਼ੀ ਦਾ ਨਾਮ ਪਤਾ**

1. ਸੁੱਚਾ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਗੁਲਾਮੀ ਵਾਲਾ ਥਾਂਣਾ ਆਰਿਫ ਕੇ ਜਿਲ੍ਹਾ ਫਿਰੋਜਪੁਰ।

➢ **ਪਿਛੋਕੜ ਕ੍ਰਿਮੀਨਲ ਰਿਕਾਰਡ :-**

ਮੁ:ਨੰ: 13 ਮਿਤੀ 25-01-2004 ਅ/ਧ 326,323,148,149 ਭ:ਦ: ਥਾਂਣਾ ਮੱਲਾ ਵਾਲਾ

2. ਸਾਰਜ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਅੱਛੇ ਵਾਲਾ ਥਾਂਣਾ ਆਰਿਫ ਕੇ ਜਿਲ੍ਹਾ ਫਿਰੋਜਪੁਰ।

➢ **ਪਿਛੋਕੜ ਕ੍ਰਿਮੀਨਲ ਰਿਕਾਰਡ :-**

ਮੁ:ਨੰ 54 ਮਿਤੀ 23-04-2009 ਅ/ਧ 452,324,323,34,506,427 ਭ:ਦ: 25/27/54/59 ਅਸਲਾ ਐਕਟ ਥਾਂਣਾ ਮੱਲਾ ਵਾਲਾ

Scanned with ACE Scanner

## ਸੰਖੇਪ ਹਲਾਤ

ਸ਼੍ਰੀਮਤੀ ਸੌਮਿਆ ਮਿਸ਼ਰਾ, ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਫਿਰੋਜਪੁਰ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਮਾਜ ਵਿਰੋਧੀ ਮਾੜੇ ਅਨਸਰਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਵਾਰਦਾਤਾਂ ਨੂੰ ਪੂਰੀ ਤਰਾਂ ਠੱਲ੍ਹ ਪਾਉਣ ਲਈ ਜਿਲ੍ਹਾ ਪੁਲਿਸ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾ ਦੱਸਿਆ ਕਿ ਕਾਨੂੰਨ ਨੂੰ ਕਿਸੇ ਤਰਾਂ ਵੀ ਆਪਣੇ ਹੱਥ ਵਿੱਚ ਲੈਣ ਵਾਲੇ ਅਪਰਾਧੀਆਂ ਖਿਲਾਫ ਤੁਰੰਤ ਕਾਰਵਾਈ ਲਈ ਜਿਲ੍ਹਾ ਪੁਲਿਸ ਪੂਰੀ ਤਰਾਂ ਵਚਨਬੱਧ ਹੈ। ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾ ਬਣਾਈਆਂ ਗਈਆਂ ਹਨ, ਜੋ ਮੁਸਤੈਦੀ ਨਾਲ ਪੂਰੇ ਏਰੀਆ ਵਿੱਚ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਸੇ ਤਰਾਂ ਸ੍ਰੀ ਰਣਧੀਰ ਕੁਮਾਰ ਆਈ.ਪੀ.ਐਸ., ਐਸ.ਪੀ. (ਇੰਨਵੈ:) ਫਿਰੋਜਪੁਰ ਜੀ ਦੇ ਦਿਸ਼ਾ-ਨਿਰਦੇਸ਼ ਅਤੇ ਸ: ਫਤਿਹ ਸਿੰਘ ਬਰਾੜ , ਪੀ.ਪੀ.ਐਸ., ਉਪ ਕਪਤਾਨ ਪੁਲਿਸ (ਡੀ) ਫਿਰੋਜਪੁਰ ਜੀ ਦੀ ਰਹਿਨੁਮਾਈ ਹੇਠ ਇੰਸਪੈਕਟਰ ਮੋਹਿਤ ਧਵਨ, ਇੰਚਾਰਜ ਸੀ.ਆਈ.ਏ. ਸਟਾਫ ਫਿਰੋਜਪੁਰ ਦੀ ਯੋਗ ਅਗਵਾਈ ਹੇਠ ਸੀ.ਆਈ.ਏ ਸਟਾਫ ਫਿਰੋਜਪੁਰ ਦੀ ਟੀਮ ਨੇ 02 ਸਮੱਗਲਰਾ ਨੂੰ ਗ੍ਰਿਫਤਾਰ ਕੀਤੇ ਜਿੰਨਾ ਪਾਸੋ 23 ਕਿਲੋ 177 ਗ੍ਰਾਮ ਅਫੀਮ ਅਤੇ ਇੱਕ ਕਾਰ ਮਾਰਕਾ ਹੁਡਾਇਆ ਕਰੇਟਾ ਬ੍ਰਾਮਦ ਕਰਕੇ ਦੋਸ਼ੀ ਸੁੱਚਾ ਸਿੰਘ ਅਤੇ ਸਾਰਜ ਸਿੰਘ ਦੇ ਖਿਲਾਫ ਥਾਣਾ ਤਲਵੰਡੀ ਭਾਈ ਵਿਖੇ ਮੁੱਕਦਮਾ ਨੰਬਰ 02 ਮਿਤੀ 10-01-2025 ਅ/ਧ 18/61/85 ਐਨ.ਡੀ.ਪੀ.ਐਸ ਐਕਟ ਥਾਣਾ ਤਲਵੰਡੀ ਭਾਈ ਵਿਖੇ ਦਰਜ ਰਜਿਸਟਰ ਕੀਤਾ ਗਿਆ ਹੈ ਦੋਸ਼ੀਆਨ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾ ਰਿਹਾ ਹੈ ਤਾ ਜੋ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਸਕੇ।

ਜਿਲਾ ਫਿਰੋਜਪੁਰ ਵੱਲੋ ਸਾਲ 2025 ਦੇ ਦੋਰਾਨ ਮਿਤੀ 01-01-2025 ਤੋ 10-01-2025 ਤੱਕ ਕੀਤੀਆ ਬ੍ਰਾਮਦਗੀਆ ਹੇਠ ਲਿਖੇ ਅਨੁਸਾਰ ਹਨ :-

### Recovery NDPS 01-01-2025 TO 10-01-2025

| SR.NO | Year | 2025 |
|---|---|---|
| | **No of Cases** | **09** |
| | No of Accused Arrested | **13** |
| 1 | Heroin | 6 kg 98 gm |
| 2 | Poppy Husk | 181 kg 185 gm |
| 3 | Opium | 23 kg 177 gm |

Scanned with ACE Scanner